## PUNJABI

---

*Maximum Marks : 80*

*Time Allowed : Three Hours*

*(Candidates are allowed **additional 15 minutes** for **only** reading the paper.*
*They must **NOT** start writing during this time.)*

---

*Answer questions **1, 2** and **3** in **Section A** and **four** other questions from **Section B** on **any three** out of the **four** prescribed textbooks.*

*The intended marks for questions or parts of questions are given in brackets [ ].*

---

## SECTION—A

## LANGUAGE - 40 MARKS

**Question 1** **[15]**

**Write a composition in approximately 400 words in Punjabi on any one of the topics given below.**

**ਹੇਠ ਲਿਖੇ ਵਿੱਚੋਂ ਕਿਸੇ ਇੱਕ ਵਿਸ਼ੇ ਉਪਰ ਲਗਭਗ 400 ਸ਼ਬਦਾਂ ਦਾ ਲੇਖ ਲਿਖੋ।**

(i) 'ਸਮਾਂ ਕਦੇ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ।' ਇਸ ਕਥਨ ਤੇ ਆਪਣੇ ਵਿਚਾਰ ਦਿੰਦੇ ਹੋਏ ਇੱਕ ਲੇਖ ਲਿਖੋ।

(ii) ਪੇਂਡੂ ਤੇ ਸ਼ਹਿਰੀ ਜੀਵਨ ਵਿੱਚ ਅੰਤਰ ਦੱਸੋ ਤੇ ਇਹ ਵੀ ਸਪੱਸ਼ਟ ਕਰੋ ਕਿ ਤੁਹਾਨੂੰ ਕਿਹੜਾ ਜੀਵਨ ਪਸੰਦ ਹੈ ਅਤੇ ਕਿਉਂ ?

(iii) 'ਸੋਸ਼ਲ ਮੀਡੀਆ ਅਸਲੀਅਤ ਤੋਂ ਦੂਰ ਹੈ।' ਇਸ ਕਥਨ ਦੇ ਹੱਕ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਦਿਉ।

(iv) 'ਸਾਦਾ ਜੀਵਨ ਅਤੇ ਉੱਚ ਵਿਚਾਰ', ਇੱਕ ਆਦਰਸ਼ ਇਨਸਾਨ ਦੀ ਨਿਸ਼ਾਨੀ ਹੈ। ਇੱਕ ਲੇਖ ਰਾਹੀਂ ਸਪੱਸ਼ਟ ਕਰੋ।

(v) ਕਿਸੇ ਅਜਿਹੇ ਪਰਿਵਾਰਕ ਸਮਾਗਮ ਦਾ ਵਰਨਣ ਕਰੋ ਜਿਸ ਵਿੱਚ ਤੁਸੀਂ ਖ਼ੁਦ ਸ਼ਾਮਿਲ ਹੋਏ।

(vi) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਪਰ ਮੌਲਿਕ ਕਹਾਣੀ ਲਿਖੋ :

 (a) ਬੁੱਧੀ, ਤਾਕਤ ਨਾਲੋਂ ਬਲਸ਼ਾਲੀ ਹੈ।

 (b) ਇਮਾਨਦਾਰੀ ਸਭ ਤੋਂ ਚੰਗੀ ਨੀਤੀ ਹੈ।

---

**This Paper consists of 10 printed pages.**



© *Copyright reserved.*

ਵਿੱਚ ਕਾਮਯਾਬ ਰਿਹਾ। ਵੈਂਜ਼ੁਏਲਾ ਦੇ ਉੱਤਰੀ ਤੱਟ ਉੱਤੇ ਉਨ੍ਹਾਂ ਨੂੰ ਤਿੰਨ ਟਾਪੂ ਦਿਖਾਈ ਦਿੱਤੇ ਜਿਨ੍ਹਾਂ ਨੂੰ ਟ੍ਰਿਨੀਡਾਡ ਦਾ ਨਾਂ ਦਿੱਤਾ ਗਿਆ। ਇਸ ਦੌਰਾਨ ਇਸਤਾ ਪੋਲੀਆਨਾ ਵਿੱਚ ਕੋਲੰਬਸ ਦੀਆਂ ਵਧੀਕੀਆਂ ਕਾਰਨ ਹਾਲਾਤ ਬਹੁਤ ਵਿਗੜ ਗਏ। ਸਥਿਤੀ ਨੂੰ ਕਾਬੂ ਕਰਨ ਲਈ ਸਪੇਨ ਨੇ ਇੱਕ ਇਮਾਨਦਾਰ ਦਿੱਖ ਵਾਲੇ ਅਧਿਕਾਰੀ, ਬੇਵਾਡਿਲਾ (Babadilla) ਨੂੰ ਭੇਜਿਆ। ਸਥਿਤੀ ਦੀ ਪੂਰੀ ਛਾਣਬੀਣ ਤੋਂ ਬਾਅਦ ਕੋਲੰਬਸ ਅਤੇ ਇੱਕ ਜੋਟੀਦਾਰ ਨੂੰ ਵਾਪਸ ਸਪੇਨ ਭੇਜ ਦਿੱਤਾ ਗਿਆ। ਨਵੀਂ ਧਰਤੀ ਲੱਭਣ ਦੇ ਦਾਅਵੇ ਅਤੇ ਦਲੇਰੀ ਭਰੀਆਂ ਮੁਹਿੰਮਾਂ ਕਾਰਨ ਕੋਲੰਬਸ ਦੀ ਜੋ ਭੱਲ ਬਣੀ ਸੀ, ਉਸਦੀਆਂ ਅਜਿਹੀਆਂ ਕਾਰਵਾਈਆਂ ਕਾਰਨ ਇੱਕ ਵਾਰ ਤਾਂ ਮਿੱਟੀ ਹੋ ਗਈ। ਸਪੇਨ ਆ ਕੇ ਕੋਲੰਬਸ ਨੇ ਬਾਦਸ਼ਾਹ ਅੱਗੇ ਮੁਆਫੀ ਦੀ ਅਰਜ਼ੀ ਦਿੱਤੀ। ਉਸ ਨੂੰ ਮੁਆਫ ਵੀ ਕਰ ਦਿੱਤਾ ਗਿਆ ਅਤੇ ਚੌਥੀ ਮੁਹਿੰਮ ਉੱਤੇ ਜਾਣ ਦਾ ਆਦੇਸ਼ ਵੀ ਮਿਲਿਆ। 53 ਸਾਲਾ ਕੋਲੰਬਸ ਸਿਹਤ ਪੱਖੋਂ ਕਮਜ਼ੋਰ ਹੋ ਚੁੱਕਾ ਸੀ ਅਤੇ ਮਾਨਸਿਕ ਤੌਰ 'ਤੇ ਵੀ ਕਿਸੇ ਮੁਹਿੰਮ ਉੱਤੇ ਜਾਣ ਲਈ ਤਿਆਰ ਨਹੀਂ ਸੀ ਹਾਲਾਂਕਿ ਲੰਮੀਆਂ ਸਮੁੰਦਰੀ ਯਾਤਰਾਵਾਂ, ਕਿਤਾਬੀ ਗਿਆਨ, ਨਕਸ਼ਾ ਅਤੇ ਤਜਰਬੇ ਕਾਰਨ ਉਹ ਮੌਸਮ ਅਤੇ ਸਮੁੰਦਰੀ ਤੂਫਾਨਾਂ ਦੇ ਅਨੁਮਾਨ ਦਾ ਚੰਗਾ ਗਿਆਤਾ ਬਣ ਚੁੱਕਾ ਸੀ।

(ਜਗਦੀਸ਼ ਪਾਪੜਾ ਦੁਆਰਾ ਲਿਖਤ ਪੁਸਤਕ 'ਨਾਨਕ ਵੇਲ਼ਾ' ਤੇ ਅਧਾਰਿਤ)

(i) ਅਜਨਬੀ ਦੁਨੀਆਂ ਦੇ ਬੰਦਿਆਂ ਬਾਰੇ ਟਾਪੂ ਤੇ ਰਹਿੰਦੇ ਲੋਕਾਂ ਦਾ ਕੀ ਪ੍ਰਤੀਕ੍ਰਮ ਸੀ ? [3]

(ii) ਕੋਲੰਬਸ ਕਿਹੜੇ ਖੇਤਰਾਂ ਦਾ ਗਿਆਤਾ ਬਣ ਚੁੱਕਾ ਸੀ ? [3]

(iii) ਕੋਲੰਬਸ ਨੂੰ ਤੀਜੀ ਯਾਤਰਾ ਦੌਰਾਨ ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ? [3]

(iv) ਕੋਲੰਬਸ ਦੀਆਂ ਵਧੀਕੀਆਂ ਕਾਰਨ ਹਾਲਾਤ ਬਹੁਤ ਵਿਗੜ ਗਏ।

(a) ਹਾਲਾਤਾਂ ਨੂੰ ਠੀਕ ਕਰਨ ਲਈ ਕੀ ਕੀਤਾ ਗਿਆ ? [1]

(1) ਲੋਕਾਂ ਨੂੰ ਪੈਸੇ ਵੰਡੇ ਗਏ

(2) ਲੋਕਾਂ ਨੂੰ ਸਮਝਾਇਆ ਗਿਆ

(3) ਬੇਵਾਡਿਲਾ ਨੂੰ ਭੇਜਿਆ ਗਿਆ

(4) ਕੋਲੰਬਸ ਨੂੰ ਹਟਾ ਦਿੱਤਾ ਗਿਆ

(b) ਕੋਲੰਬਸ ਦੀਆਂ ਵਧੀਕੀਆਂ ਦਾ ਸ਼ਿਕਾਰ ਕੌਣ ਹੋਏ ? [1]

(1) ਪ੍ਰਿੰਸ ਅਤੇ ਰਾਜਕੁਮਾਰੀ

(2) ਦੱਖਣੀ ਅਮਰੀਕਾ ਦੇ ਮੂਲ ਨਿਵਾਸੀ

(3) ਮਾਹਰ ਅਤੇ ਸਾਹਸੀ ਦੂਤ

(4) ਸਧਾਰਨ ਜਹਾਜੀ

(c) ਕੋਲੰਬਸ ਨੇ ਕਿਹੜੇ ਦੇਸ਼ ਦੇ ਬਾਦਸ਼ਾਹ ਦੇ ਅੱਗੇ ਮੁਆਫੀ ਦੀ ਅਰਜ਼ੀ ਦਿੱਤੀ ? [1]

(1) ਅਮਰੀਕਾ ਦੇ

(2) ਸਪੇਨ ਦੇ

(3) ਪੋਲੀਆਨਾ ਦੇ

(4) ਇੰਡੀਆ ਦੇ

(v) ਸਪੇਨ ਦੇ ਬੈਂਕਰਾਂ ਨੂੰ ਪਰਖੇ ਹੋਏ ਮਾਹਰ ਅਤੇ ਸਾਹਸੀ ਦੂਤ ਦੀ ਲੋੜ ਸੀ :

(a) 'ਮਾਹਰ' ਸ਼ਬਦ ਦਾ ਸਹੀ ਅਰਥ ਹੈ : [1]

(1) ਤਜਰਬੇਕਾਰ

(2) ਅਨਾੜੀ

(3) ਪ੍ਰਮੁੱਖ

(4) ਹਲਕਾ

(b) 'ਸਾਹਸੀ' ਸ਼ਬਦ ਦਾ ਸਹੀ ਅਰਥ ਹੈ : [1]

(1) ਡਰਪੋਕ

(2) ਦਲੇਰ

(3) ਕਮਜ਼ੋਰ

(4) ਜ਼ਾਲਮ

(c) 'ਮੁਹਿੰਮ' ਸ਼ਬਦ ਦਾ ਸਹੀ ਅਰਥ ਹੈ : [1]

(1) ਜੋਟੀਦਾਰ

(2) ਦਮਦਾਰ

(3) ਹਨੇਰੀ

(4) ਯਾਤਰਾ

**Question 3**

**(A) Correct the following sentences and rewrite as per the instructions given.**

**ਹੇਠ ਲਿਖੇ ਵਾਕਾਂ ਨੂੰ ਹਦਾਇਤਾਂ ਅਨੁਸਾਰ ਲਿਖੋ।**

(i) ਹੇਠ ਲਿਖੇ ਵਾਕ ਦਾ ਸ਼ੁੱਧ ਰੂਪ ਲਿਖੋ : **[1]**

ਸਵੇਰ ਤੋਂ ਹੀ ਹੈ ਪੈ ਰਿਹਾ ਮੀਂਹ ਲਗਾਤਾਰ।

(ii) ਖਾਲੀ ਸਥਾਨ ਭਰੋ : **[1]**

ਸਾਨੂੰ ................ ਕੰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

(iii) ਹੇਠ ਲਿਖੇ ਵਾਕਾਂ ਵਿੱਚੋਂ ਸ਼ੁੱਧ ਵਾਕ ਚੁਣੋ : **[1]**

(a) ਹੌਲੇ-ਗੌਲੇ ਤੋਂ ਬਜ਼ਾਰ ਦੇ ਘਰ ਹੈ ਸਾਡਾ ਦੂਰ।

(b) ਸਾਡਾ ਘਰ ਬਜਾਰ ਦੇ ਹੌਲੇ-ਗੌਲੇ ਤੋਂ ਦੂਰ ਹੈ।

(c) ਬਜ਼ਾਰ ਦੇ ਰੌਲੇ-ਗੌਲੇ ਤੋਂ ਦੂਰ ਹੈ ਘਰ ਸਾਡਾ।

(d) ਘਰ ਹੈ ਸਾਡਾ ਦੂਰ ਬਜਾਰ ਦੇ ਰੌਲੇ ਤੋ

(iv) ਹੇਠ ਲਿਖੇ ਵਾਕਾਂ ਵਿੱਚੋਂ ਅਸ਼ੁੱਧ ਵਾਕ ਚੁਣੋ : **[1]**

(a) ਫੂਕ ਮਾਰ ਕੇ ਦੀਵਾ ਬੁਝਾ ਦਿਓ।

(b) ਛੁੱਟੀ ਹੈ ਸਕੂਲ ਅੱਜ।

(c) ਰੱਬ ਦੀ ਮਿਹਰ ਚਾਹੀਦੀ ਹੈ।

(d) ਗੁਰੂ ਪ੍ਰਤੀ ਸ਼ਰਧਾ ਘਟ ਰਹੀ ਹੈ।

(v) ਹੇਠ ਲਿਖੇ ਵਾਕ ਵਿੱਚ ਲਕੀਰੇ ਸ਼ਬਦ ਦਾ ਸਹੀ ਬਦਲ ਚੁਣੋ : **[1]**

<u>ਪਰਿਵਰਤਨ</u> ਜ਼ਿੰਦਗੀ ਦਾ ਦੂਜਾ ਨਾਂ ਹੈ।

(a) ਤੇਜੀ

(b) ਚਾਲ

(c) ਬਦਲਾਅ

(d) ਕਮੀ

(B) **Use the idioms in the sentences as per the instructions given.**

**ਹੇਠ ਲਿਖੇ ਮੁਹਾਵਰਿਆਂ ਨੂੰ ਹਦਾਇਤਾ ਅਨੁਸਾਰ ਲਿਖੋ।**

(i) ਹੇਠ ਲਿਖੇ ਮੁਹਾਵਰੇ ਨੂੰ ਵਾਕ ਵਿੱਚ ਵਰਤੋ : [1]

ਰਾਈ ਦਾ ਪਹਾੜ ਬਨਾਉਣਾ।

(ii) ਹੇਠ ਲਿਖੇ ਮੁਹਾਵਰੇ ਨੂੰ ਸ਼ੁੱਧ ਕਰੋ : [1]

ਗਿਰਗਟ ਵਾਂਗ ਕੱਪੜੇ ਬਦਲਣਾ।

(iii) ਹੇਠ ਲਿਖੇ ਵਾਕ ਲਈ ਸਹੀ ਮੁਹਾਵ੍ਰੇ ਦੀ ਚੋਣ ਕਰੋ : [1]

ਕਰਮਜੀਤ ਆਪਣੀ ਵਡਿਆਈ ਆਪ ਕਰਦਾ ਰਹਿੰਦਾ ਹੈ।

(a) ਆਪਣਾ ਕਾਜ ਆਪ ਸੁਵਾਰਨਾ

(b) ਆਪਣੇ ਪੈਰ ਕੁਹਾੜਾ ਮਾਰਨਾ

(c) ਆਪਣੇ ਮੂੰਹ ਮੀਆਂ ਮਿੱਠੂ ਬਨਣਾ

(d) ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ

(iv) ਹੇਠ ਲਿਖੇ ਮੁਹਾਵਰੇ ਲਈ ਸਹੀ ਅਰਥ ਚੁਣੋ : [1]

'ਵਾਲ-ਵਾਲ ਬਚਣਾ'

(a) ਗੰਜੀ ਹੋ ਜਾਣਾ

(b) ਵਾਲ ਬਚ ਜਾਣੇ

(c) ਮੌਤ ਦੇ ਮੂੰਹੋ ਬਚਣਾ

(d) ਵਾਲ ਪੁੱਟਣੇ

(v) ਹੇਠ ਲਿਖੇ ਖਾਲੀ ਸਥਾਨ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਗ਼ਲਤ ਕੰਮ ਕਰਵਾਉਣ ਲਈ .................... ਗ਼ਲਤ ਹੈ।

(a) ਝੁੱਗਾ ਚੌੜ ਹੋਣਾ

(b) ਚਾਂਦੀ ਦੀ ਜੁੱਤੀ ਮਾਰਨਾ

(c) ਹਰਨ ਹੋ ਜਾਣਾ

(d) ਲਕੀਰ ਦਾ ਫਕੀਰ ਹੋਣਾ

## SECTION—B

## LITERATURE - 40 MARKS

Answer *four* questions from this section on *any three* out of the *four* prescribed text books.

ਨਿਰਧਾਰਤ ਪਾਠ ਪੁਸਤਕਾਂ ਵਿੱਚੋਂ ਕਿਸੇ ਵੀ **ਤਿੰਨ** ਪੁਸਤਕਾਂ ਵਿੱਚੋਂ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਉ।

## ਮੜ੍ਹੀ ਦਾ ਦੀਵਾ (MARHI DA DIVA)

**Question 4**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਕੰਮ ਹੱਥਾਂ ਚੋਂ ਨਿਕਲਦਾ ਜਾਂਦੈ ਜਗਸਿਆ। ਉਹ ਵੀ ਵਹਿਲ ਘਰ ਨੂੰ ਪਾੜਨ ਤੇ ਤੁਲੀ ਬੈਠੀ ਐ। ਭੰਤਾ ਓਸੇ ਨੇ ਹੱਥਾਂ ਤੇ ਚੜ੍ਹਾ ਕੇ ਵਿਗਾੜਿਆ। ਸੋਚਦੈਂ ਬਈ ਮੁੱਠੀ ਮਿਚੀ ਰਹਿ ਜਾਏ, ਪਰ ਏਸ ਚੰਦਰੇ ਟੱਬਰ ਨੇ ਰਹਿਣ ਨੀ ਦੇਣੀ।"

(i) ਇਹ ਸ਼ਬਦ ਕਿਸਨੇ, ਕਿਸਨੂੰ ਕਹੇ ? **[1]**

(ii) 'ਵਹਿਲ' ਸ਼ਬਦ ਕਿਸ ਲਈ ਵਰਤਿਆ ਗਿਆ ਹੈ ਅਤੇ ਉਹ ਕਿਸ ਤਰ੍ਹਾਂ ਘਰ ਨੂੰ ਪਾੜਨ ਲੱਗੀ ਹੈ ? **[2]**

(iii) ਉਪਰੋਕਤ ਵਾਰਤਾਲਾਪ ਕਿਸ ਘਟਨਾ ਤੋਂ ਬਾਅਦ ਅਤੇ ਕਦੋਂ ਹੋਈ ? **[2]**

(iv) ਤੁਹਾਡੇ ਵਿਚਾਰ ਅਨੁਸਾਰ ਇਸ ਟੱਬਰ ਦਾ ਅਜਿਹਾ ਵਿਵਹਾਰ ਠੀਕ ਹੈ ਜਾਂ ਗ਼ਲਤ, ਆਪਣੇ ਵਿਚਾਰ ਦਿਉ। **[5]**

**Question 5** **[10]**

ਜਗਸੀਰ ਦੀ ਜ਼ਿੰਦਗੀ ਕਿਹੜੀਆਂ ਮੁਸ਼ਕਿਲਾਂ ਵਿੱਚੋਂ ਗੁਜ਼ਰੀ ? ਉਸਦੇ ਲਈ ਕੌਣ ਜ਼ਿੰਮੇਵਾਰ ਹੈ ਅਤੇ ਕਿਵੇਂ ?

**Question 6** **[10]**

ਧਰਮ ਸਿੰਘ ਦੁਆਰਾ ਨੰਦੀ ਦੇ ਮਰਨੇ ਤੇ ਕੀਤੇ ਖਰਚੇ ਬਾਰੇ ਦੱਸੋ ਕੀ ਉਸਦਾ ਅਜਿਹਾ ਕਰਨਾ ਠੀਕ ਸੀ ? ਇਸਦਾ ਪਰਿਵਾਰ ਤੇ ਕੀ ਪ੍ਰਭਾਵ ਪਿਆ ?

## ਕੱਲ੍ਹ ਅੱਜ ਦੇ ਭਲਕ (KAL AJJ TE BHALAK)

**Question 7**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਐਸੀ ਗੂੜ੍ਹੀ ਨੀਂਦ ਆਈ ਪੁੱਛੋ ਨਾ। ਬੜੇ ਅਜੀਬ-ਅਜੀਬ ਸੁਫ਼ਨੇ ਆਏ। ਨਰਾਇਣ ਸਾਖੀ ਹੈ ਇੱਕੋ ਰਾਤ ਵਿੱਚ ਭੂਤ, ਵਰਤਮਾਨ ਤੇ ਭਵਿੱਖ 'ਚ ਜੀ ਕੇ ਦੇਖ ਲਿਆ"।

(i) ਉਪਰੋਕਤ ਵਾਰਤਾਲਾਪ ਕਿਸ ਪਾਤਰ ਨੇ ਕਹੇ ? [1]

(ii) ਉਪਰੋਕਤ ਵਾਰਤਾਲਾਪ ਕਦੋਂ ਹੋਈ ? [2]

(iii) ਇਸ ਪਾਤਰ ਨੇ ਆਪਣੇ ਸੁਪਨਿਆਂ ਦੌਰਾਨ ਕੀ ਦੇਖਿਆ ? [2]

(iv) ਨਾਟਕ ਦੇ ਅੰਤ ਵਿੱਚ ਕੀ ਵਾਪਰਿਆ ? ਕੀ ਗੁਰਾਂ ਨੂੰ ਇਨਸਾਫ ਮਿਲ ਜਾਂਦਾ ਹੈ ? [5]

**Question 8** [10]

ਨਾਟਕ 'ਕੱਲ੍ਹ, ਅੱਜ ਤੇ ਭਲਕ' ਵਿੱਚ ਔਰਤ ਦੇ ਸ਼ੋਸ਼ਣ ਦੀ ਕਹਾਣੀ ਨੂੰ ਕਿਵੇਂ ਪੇਸ਼ ਕੀਤਾ ਗਿਆ ਹੈ ? ਤੁਹਾਡੇ ਵਿਚਾਰ ਅਨੁਸਾਰ ਇਸ ਸਮੱਸਿਆ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ?

**Question 9** [10]

ਨਾਟਕ 'ਕੱਲ੍ਹ, ਅੱਜ ਤੇ ਭਲਕ' ਵਿੱਚ ਪਿੰਡ ਵਿੱਚੋਂ ਫੰਡ ਇਕੱਠਾ ਕਰਨ ਦੇ ਦ੍ਰਿਸ਼ ਬਾਰੇ ਸੰਖੇਪ ਵਰਨਣ ਕਰੋ।

## ਕਥਾ ਸੰਗਮ (KATHA SANGAM)

**Question 10**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਡਾਹਢੇ ਦੁੱਖ ਨਾਲ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਏ ਬਈ ਕਾਸਮ ਮਿਨਹਾਸ ਅੱਜ ਰਾਤੀਂ ਅੱਲ੍ਹਾ ਨੂੰ ਪਿਆਰਾ ਹੋ ਗਿਆ ਏ। ਉਹ ਆਪਣੇ ਘਰ ਸੁੱਤਾ ਪਿਆ ਸੀ ਕਿ ਸਰਹੱਦ ਪਾਰ ਤੋਂ ਹੋਣ ਵਾਲੀ ਫਾਇਰਿੰਗ ਵਿੱਚ ਇੱਕ ਗੋਲਾ, ਉਹਦੇ ਮਕਾਨ ਦੇ ਅੰਦਰ ਡਿੱਗਿਆ।"

(i) ਇਹ ਸ਼ਬਦ ਕਿਸ ਕਹਾਣੀ ਵਿੱਚੋਂ ਲਏ ਗਏ ਹਨ ? [1]

(ii) ਕਾਸਮ ਮਿਨਹਾਸ ਦੀ ਮੌਤ ਕਿਵੇਂ ਹੋਈ ਸੀ ? [2]

(iii) ਕਾਸਮ ਮਿਨਹਾਸ ਦੀ ਪਤਨੀ ਅਤੇ ਬੱਚੇ ਕਿਉਂ ਬਚ ਗਏ ਸਨ ? [2]

(iv) ਇਸ ਕਹਾਣੀ ਵਿੱਚ ਲੇਖਕ ਨੇ ਕੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ? [5]

**Question 11** **[10]**

'ਸਵੇਰ ਹੋਣ ਤੱਕ' ਕਹਾਣੀ ਵਿੱਚ ਲੇਖਕ ਨੇ ਇੱਕ ਕਿਸਾਨ ਦੀ ਮੁਸ਼ਕਿਲਾਂ ਅਤੇ ਰੁਝੇਵਿਆਂ ਭਰੀ ਜ਼ਿੰਦਗੀ ਨੂੰ ਕਿਵੇਂ ਪੇਸ਼ ਕੀਤਾ ਹੈ ?

**Question 12** **[10]**

'ਲਗਾਤਾਰ ਵਧ ਰਹੀ ਵਸੋਂ ਅਤੇ ਮਨੁੱਖੀ ਲਾਪ੍ਰਵਾਹੀ' ਲੇਖ ਵਿੱਚ ਆਏ ਵਿਚਾਰਾਂ ਨੂੰ ਸੰਖੇਪ ਵਿੱਚ ਬਿਆਨ ਕਰੋਂ।

## ਕਾਵਿ ਕਿਆਰੀ (KAV KEYARI)

**Question 13**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਵਾਉ ਵਰਤਿਆ ਕੀ ਤੇਰੇ ਨਾਲ ਮਾਤਾ,
ਪੂਰਨ ਆਖਦਾ ਦਸ ਖਾਂ ਸਾਰ ਮੈਨੂੰ।
ਤੇਰੇ ਰੋਂਦੀ ਦੇ ਨੈਣ ਬਿਸੀਰ ਹੋਏ,
ਨਜ਼ਰ ਆਂਵਦਾ ਏ ਅਜ਼ਾਰ ਮੈਨੂੰ।
ਮਾਤਾ ਆਖਦੀ ਦੁਖ ਨਾ ਫੋਲ ਬੇਟਾ,
ਪਿਆ ਪੁੱਤਰ ਬੈਰਾਗ ਗੁਬਾਰ ਮੈਨੂੰ।
ਕਾਦਰਯਾਰ ਬੁਰੇ ਦੁਖ ਪੁੱਤਰਾਂ ਦੇ,
ਗਿਆ ਦਰਦ ਵਿਛੋੜੇ ਦਾ ਮਾਰ ਮੈਨੂੰ।

(i) ਇਹ ਸਤਰ੍ਹਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ? **[1]**

(ii) ਮਾਤਾ ਇੱਛਰਾ ਨੂੰ ਕਿਸ ਦੁੱਖ ਨੇ ਅੰਦਰੋਂ-ਅੰਦਰੀਂ ਤੋੜ ਕੇ ਰੱਖ ਦਿੱਤਾ ਸੀ ? **[2]**

(iii) ਪੂਰਨ ਭਗਤ ਮਾਤਾ ਇੱਛਰਾ ਦੀ ਮੰਦੀ ਹਾਲਤ ਵੇਖ ਕੇ ਉਸ ਦੇ ਨਾਲ ਦੁੱਖ ਵੰਡਾਉਂਦੇ ਹੋਏ ਕੀ ਆਖਦਾ ਹੈ ? **[2]**

(iv) ਮਾਤਾ ਇੱਛਰਾ ਜਦੋਂ ਪੂਰਨ ਦੇ ਮੂੰਹੋਂ ਸਾਰੀ ਸੱਚਾਈ ਸੁਣਦੀ ਹੈ ਤਾਂ ਉਸ ਦੇ ਉੱਤੇ ਕੀ ਅਸਰ ਹੁੰਦਾ ਹੈ ? **[5]**

**Question 14** **[10]**

'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ ਦਾ' ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਦੀ ਜੋ ਦਸ਼ਾ ਹੋਈ, ਉਸ ਸੰਬੰਧੀ ਜਾਣਕਾਰੀ ਦਿਓ।

**Question 15** **[10]**

ਕਵਿਤਾ 'ਤਾਜ ਮਹਲ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।